NEW SOUTH WALES
DEPARTMENT
OF EDUCATION
AND TRAINING

# ਹਾਈ ਸਕੂਲ
# ਦੀ ਸ਼ੁਰੂਆਤ

## STARTING HIGH SCHOOL

### Year 6 ਦੇ ਵਿਦਿਆਰਥੀਆਂ ਅਤੇ ਮਾਪਿਆਂ ਲਈ ਸੁਨੇਹਾ

**A MESSAGE TO PARENTS AND YEAR 6 STUDENTS**

ਪ੍ਰਾਈਮਰੀ ਸਕੂਲ ਤੋਂ ਹਾਈ ਸਕੂਲ ਵਲ ਵਧਣਾ ਵਿਦਿਆਰਥੀਆਂ ਅਤੇ ਮਾਪਿਆਂ ਲਈ ਇਕ ਬਹੁਤ ਮਹੱਤਵਪੂਰਨ ਸਮਾ ਹੁੰਦਾ ਹੈ । ਕਈਆਂ ਲਈ ਇਹ ਸਮਾ ਕਈ ਚੋਣਾ ਕਰਨ ਦਾ ਹੁੰਦਾ ਹੈ, ਸਾਰਿਆਂ ਲਈ ਇਹ ਇਕ ਨਵਾਂ ਸਮਾ ਹੁੰਦਾ ਹੈ ।

ਨੀਊ ਸਾਊਥ ਵੇਲਜ਼ ਵਿਚ ਰਹਿੰਦੇ ਬਹੁਤ ਸਾਰੇ ਪ੍ਰਵਾਰਾਂ ਨੂੰ ਸਕੂਲ ਦੀ ਚੋਣ ਕਰਨ ਸਮੇ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪੈਂਦਾ । ਉਹ ਆਪਣੇ ਬਚਿਆਂ ਦੀ ਪ੍ਰਾਈਮਰੀ ਸਕੂਲ ਵਿਚਲੀ ਪੜ੍ਹਾਈ ਬਾਰੇ ਬਹੁਤ ਖੁਸ਼ ਹੁੰਦੇ ਹਨ, ਅਤੇ ਉਨ੍ਹਾ ਨੂੰ ਪੂਰਨ ਭਰੋਸਾ ਹੁੰਦਾ ਹੈ ਕਿ ਉਨ੍ਹਾ ਦੇ ਲੋਕਲ ਸ੍ਕਾਰੀ ਕੰਮਪ੍ਰੀਹੈਨਸਿਵ, ਲੜਕੇ ਅਤੇ ਲੜਕੀਆਂ ਦੀ ਸਾਂਝੀ ਵਿਦਿਆ ਵਾਲੇ ਸਕੂਲ ਹੀ ਉਨ੍ਹਾ ਦੇ ਬਚੇ  ਲਈ ਬਿਹਤਰ ਰਹਿਣਗੇ ।

ਕਈ ਵਾਰ ਮਾਪੇ ਆਪਣੇ ਲੋਕਲ ਹਾਈ ਸਕੂਲ ਦੀ ਥਾਂ ਕਿਸੇ ਹੋਰ ਹਾਈ ਸਕੂਲ ਬਾਰੇ ਸੋਚ ਵਿਚਾਰ ਵੀ ਕਰਦੇ ਹਨ । ਸਟੇਟ ਦੇ ਕਈ ਥਾਂਈਂ ਵਿਦਿਆਰਥੀਆਂ ਸਾਹਮਣੇ ਕਈ ਸਕੂਲਾਂ ਦੀ ਚੋਣ ਹੋ ਸਕਦੀ ਹੈ, ਜਿਨ੍ਹਾ ਵਿਚੋਂ ਕਈਆਂ ਵਿਚ ਸਪੈਸ਼ਲਿਸਟ ਪ੍ਰੋਗਰਾਮ ਵੀ ਹੁੰਦੇ ਹਨ

ਤੁਹਾਡੇ ਬਚੇ ਲਈ ਉਹ ਸਕੂਲ ਹੀ ਠੀਕ ਹੋਵੇਗਾ, ਜਿਹੜਾ ਤੁਹਾਡੀ ਸੋਚ ਅਨੁਸਾਰ ਤੁਹਾਡੇ ਬਚੇ ਦੀਆਂ ਆਸਾਂ, ਲੋੜਾਂ ਅਤੇ ਸੁਪਨਿਆਂ ਲਈ ਪੂਰਾ ਉਤਰਦਾ ਹੋਵੇ । ਇਨ੍ਹਾ ਵਿਚੋਂ ਕਈ ਸਕੂਲਾਂ ਵਿਚ ਦਾਖਲਾ ਆਟੋਮੈਟਿਕਲੀ ਨਹੀਂ ਮਿਲਦਾ, ਕਿਉਂਕਿ ਕਈ ਵਾਰ ਉਨ੍ਹਾ ਦੀਆਂ ਦਾਖਲੇ ਲਈ ਕਈ ਖਾਸ ਸ਼ਰਤਾਂ ਹੁੰਦੀਆਂ ਹਨ ਜਾਂ ਫਿਰ ਸਕੂਲ ਵਿਚ ਦਾਖਲੇ ਲਈ ਸੀਟਾਂ ਕੁਝ ਹਿਸਾਬ ਦੀਆਂ ਹੀ ਹੋਣ ਕਰਕੇ ।

ਇਹ ਖਤ ਤੁਹਾਡੇ ਬਚੇ ਲਈ ਸਕੰਡਰੀ ਸਕੂਲ ਚੁਣਨ ਸਮੇਂ ਤੁਹਾਡੀ ਸਹਾਇਤਾ ਕਰਨ ਲਈ ਲਿਖਿਆ ਗਿਆ ਹੈ । ਤੁਹਾਨੂੰ ਕਈ ਹੋਰਨਾ ਥਾਂਵਾਂ ਤੋਂ ਵੀ ਸਹਾਇਤਾ ਮਿਲ ਸਕਦੀ ਹੈ । ਤੁਹਾਡੇ ਪ੍ਰਾਈਮਰੀ ਸਕੂਲ ਦੇ ਪ੍ਰਿੰਸੀਪਲ ਇਕ ਪ੍ਰੋਫੈਸ਼ਨਲ ਅਧਿਆਪਕ ਹਨ ਜਿਹੜੇ ਤੁਹਾਡੇ ਬਚੇ ਨੂੰ ਚੰਗੀ ਤਰ੍ਹਾ ਜਾਣਦੇ ਹੋਣ ਕਰਕੇ ਤੁਹਾਨੂੰ ਚੰਗੀ ਸਲਾਹ ਦੇ ਸਕਦੇ ਹਨ । ਜਿਹੜੇ ਸ੍ਕਾਰੀ ਹਾਈ ਸਕੂਲਾਂ ਬਾਰੇ ਤੁਸੀਂ ਸੋਚ ਰਹੇ ਹੋ,

ਉਨ੍ਹਾ ਦੇ ਪ੍ਰਿੰਸੀਪਲ ਵੀ ਤੁਹਾਨੂੰ ਚੰਗੀ ਸਲਾਹ ਅਤੇ ਆਪਣੇ ਸਕੂਲ ਬਾਰੇ ਜਾਣਕਾਰੀ ਦੇਣ ਦੇ ਨਾਲ ਉਹ ਸਕੂਲ ਦੀ ਸਲਾਨਾ ਰੀਪੋਟ ਵੀ ਦੇ ਸਕਦੇ ਹਨ ।

(Dr) Alan Laughlin
**ਨਾਇਬ ਡਾਇਰੈਕਟਰ-ਜਨਰਲ**
(ਸਕੂਲਜ਼)

### ਸੈਕੰਡਰੀ ਸਕੂਲ ਵਿਦਿਆ ਵਿਚ ਸੁਆਗਤ

**WELCOME TO SECONDARY EDUCATION**

ਹਾਈ ਸਕੂਲ ਪ੍ਰਾਈਮਰੀ ਸਕੂਲਾਂ ਤੋਂ ਕਈ ਤਰ੍ਹਾ ਵਖਰੇ ਹੁੰਦੇ ਹਨ:

- ਕਲਾਸਾਂ ਦਾ ਪ੍ਰਬੰਧ
- ਕਿੰਨੇ ਮਜਮੂੰਨ ਹੋਣੇ
- ਸਕੂਲ ਦਾ ਸਾਈਜ਼
- ਵਿਦਿਆਰਥੀਆਂ ਤੋਂ ਕਿਹੋ ਜਿਹੀਆਂ ਆਸਾਂ ਹੁੰਦੀਆਂ ਹਨ, ਅਤੇ
- ਵਿਦਿਆਰਥੀਆਂ ਤੋਂ ਜ਼ਿਆਦਾ ਜ਼ਿੰਮੇਵਾਰੀ ਦੀਆਂ ਆਸਾਂ

ਵਿਦਿਆਰਥੀਆਂ ਦੀਆਂ ਲੋੜਾਂ ਅਤੇ ਦਿਲਚਸਪੀਆਂ ਨੂੰ ਮੁਖ ਰਖਦਿਆਂ ਅਤੇ ਬੋਰਡ ਆਫ ਸਟੱਡੀਜ਼ ਦੇ ਸਕੂਲ ਸਰਟੀਫੀਕੇਟ (School Certificate) ਅਤੇ ਹਾਇਰ ਸਕੂਲ ਸਰਟੀਫੀਕੇਟ (Higher School Certificate) ਦੀਆਂ ਜ਼ਰੂਰਤਾ ਨੂੰ ਮੁਖ ਰਖਦਿਆਂ ਸਾਰੇ ਹਾਈ ਸਕੂਲਾਂ ਵਿਚ ਕਈ ਭਾਂਤ ਭਾਂਤ ਦੇ ਮਜਮੂਨ ਪੜ੍ਹਾਏ ਜਾਂਦੇ ਹਨ । ਕਈ ਹਾਈ ਸਕੂਲ TAFE ਅਤੇ ਹੋਰਨਾਂ ਕਾਲਜਾਂ ਨਾਲ ਮਿਲ ਕੇ ਵੀ ਕਈ ਕੋਰਸ ਪੜ੍ਹਾਉਂਦੇ ਹਨ ।

ਹਾਈ ਸਕੂਲ ਦੀ ਚੋਣ ਕਰਨ ਸਮੇਂ ਕਈ ਗਲਾਂ ਵਲ ਧਿਆਨ ਕਰਨ ਦੀ ਲੋੜ ਹੈ:

- ਤੁਹਾਡੇ ਬਚੇ ਦੇ ਹੁਨਰ, ਯੋਗਤਾ ਅਤੇ ਦਿਲਚਸਪੀ
- ਸਕੂਲ ਦਾ ਪਾਠਕ੍ਰਮ
- ਸਕੂਲ ਦੀ ਅਭਿਨੈ
- ਆਉਣ-ਜਾਣ ਦੇ ਸਾਧਨ
- ਬਸ/ਰੇਲ ਦਾ ਟਾਈਮ-ਟੇਬਲ ਅਤੇ ਆਵਾਜਾਈ ਤੇ ਲਾਇਆ ਜਾਣ ਵਾਲਾ ਸਮਾ
- ਤੁਹਾਡੇ ਬਚੇ ਦੀ ਦੋਸਤੀਆਂ ਪਾਉਣ ਅਤੇ ਨਿਭਾਉਣ ਦੀ ਯੋਗਤਾ
- ਮਜਮੂਨਾਂ ਦੀ ਚੋਣ
- ਕੋਈ ਖਾਸ ਸਹੂਲਤਾਂ ਅਤੇ ਪ੍ਰੋਗਰਾਮ
- ਸਪਤਾਹਤ-ਅੰਤ ਸਮੇਂ ਦੋਸਤੀਆਂ/ਖੇਡਾਂ
- ਸਾਂਝਾ ਸਕੂਲ ਜਾਂ ਲੜਕੇ/ਲੜਕੀਆਂ ਦਾ ਅਲੱਗ

## ਅਰਜੀ ਪਾਉਣ ਸਬੰਧਤ

### HOW TO APPLY

*Year 6* ਦੇ ਵਿਦਿਆਰਥੀਆਂ ਦੇ ਮਾਪੇ ਜਾਂ ਸੰਭਾਲਕ ਹੋਣ ਦੇ ਨਾਤੇ, ਤੁਹਾਡੇ ਬਚੇ ਦੇ ਪ੍ਰਾਈਮਰੀ ਸਕੂਲ ਵਲੋਂ ਤੁਹਾਨੂੰ ਦੂਸਰੀ ਟਰਮ ਵਿਚ ਇਕ *High School Enrolment Application Form* ਭੇਜਿਆ ਜਾਵੇਗਾ । ਇਸ ਫਾਰਮ ਵਿਚ ਤੁਹਾਡੇ ਏਰੀਆਂ ਦੇ ਹਾਈ ਸਕੂਲ ਬਾਰੇ ਸੂਚਿਤ ਕੀਤਾ ਜਾਵੇਗਾ । ਜੇ ਤੁਸੀਂ ਆਪਣੇ ਬਚੇ ਨੂੰ ਇਸ ਸਕੂਲ ਭੇਜਣਾ ਚਾਹੋ, ਤਾਂ ਜੂਨ ਵਿਚ ਮਿਥੀ ਤਾਰੀਖ ਤਕ ਇਸ ਫਾਰਮ ਨੂੰ ਪੂਰਾ ਕਰਕੇ ਆਪਣੇ ਬਚੇ ਦੇ ਪ੍ਰਾਈਮਰੀ ਸਕੂਲ ਵਾਪਸ ਭੇਜ ਦਿਓ ।

ਹਰੇਕ ਵਿਦਿਆਰਥੀ ਦਾ ਹਕ ਹੈ ਕਿ ਉਸ ਦੇ ਘਰ ਦੇ ਸਿਰਨਾਂਵੇਂ ਮੁਤਾਬਕ ਉਸ ਨੂੰ ਆਪਣੇ ਲੋਕਲ ਹਾਈ ਸਕੂਲ ਵਿਚ ਦਾਖਲਾ ਮਿਲੇ । ਕਈ ਹਾਈ ਸਕੂਲਾਂ ਦੇ ਪ੍ਰਿੰਸੀਪਲ ਵਿਦਿਆਰਥੀਆਂ ਵਲੋਂ ਦਿਤੇ ਗਏ ਘਰ ਦੇ ਸਿਰਨਾਂਵੇਂ ਬਾਰੇ ਪੁਛ ਗਿਛ ਵੀ ਕਰ ਸਕਦੇ ਹਨ

ਤੁਹਾਨੂੰ ਦਿਤੇ ਗਏ ਫਾਰਮ ਤੇ ਤੁਸੀਂ ਆਪਣੇ ਬਚੇ ਲਈ ਕਿਸੇ ਨਾਨ ਲੋਕਲ ਹਾਈ ਸਕੂਲ ਵਿਚ ਦਾਖਲਾ ਵੀ ਮੰਗ ਸਕਦੇ ਹੋ । ਤੁਸੀ ਆਪਣੀ ਮਰਜ਼ੀ ਦੇ **ਤਿੰਨ** ਹਾਈ ਸਕੂਲਾਂ ਦੀ ਚੋਣ ਤਰਤੀਬ ਵਾਰ ਕਰ ਸਕਦੇ ਹੋ । ਇਸ ਫਾਰਮ ਤੇ ਤੁਹਾਡੀ ਚੋਣ ਕਰਨ ਦੇ ਕਾਰਨਾ ਬਾਰੇ ਲਿਖਣ ਲਈ ਵੀ ਜਗ੍ਹਾ ਹੈ । ਨਾਨ ਲੋਕਲ ਹਾਈ ਸਕੂਲਾਂ ਵਿਚ ਕੁਝ ਜਗ੍ਹਾ ਵਿਦਿਆਰਥੀਆਂ ਨੂੰ ਦਿਤੀਆਂ ਜਾ ਸਕਦੀਆਂ ਹਨ ।

ਹਾਈ ਸਕੂਲ ਵਲੋਂ ਤੁਹਾਨੂੰ ਭੇਜੀ ਗਈ *Authority to Enrol* ਚਿੱਠੀ ਦੇ ਨਾਲ ਤੁਹਾਨੂੰ ਤੁਹਾਡੇ ਬੱਚੇ ਦੇ ਸਕੂਲ ਦੇ ਦਾਖਲੇ ਬਾਰੇ ਵੀ ਸੂਚਿਤ ਕੀਤਾ ਜਾਵੇਗਾ । ਜੇ ਤੁਹਾਨੂੰ ਨਾਨ ਲੋਕਲ ਹਾਈ ਸਕੂਲ ਵਿਚ ਦਾਖਲਾ ਨਾ ਵੀ ਮਿਲ ਸਕਿਆ, ਤੁਹਡੇ ਬਚੇ ਨੂੰ ਲੋਕਲ ਹਾਈ ਸਕੂਲ ਵਿਚ ਦਾਖਲਾ ਜ਼ਰੂਰ ਦਿਤਾ ਜਾਵੇਗਾ । ਨਾਨ ਲੋਕਲ ਹਾਈ ਸਕੂਲ ਵਿਚ ਦਾਖਲਾ ਨਾ ਮਿਲਣ ਦੇ ਕਾਰਨ ਦਸੇ ਜਾਣਗੇ । ਤੁਸੀਂ ਉਸ ਸਕੂਲ ਵਿਚ ਅਪੀਲ ਦਰਜ ਕਰ ਸਕਦੇ ਹੋ, ਅਤੇ ਜੇ ਚਾਹੋ ਤਾਂ ਡਿੱਸਟ੍ਰਿਕਟ ਆਫਿਸ ਵਿਚ ਵੀ ।

## ਲੋਕਲ ਕੰਮਪ੍ਰੀਹੈਨਸਿਵ ਹਾਈ ਸਕੂਲ

### LOCAL COMPREHENSIVE HIGH SCHOOLS

NSW ਵਿਚਲੇ ਸ੍ਰਕਾਰੀ ਸਕੰਡਰੀ ਸਕੂਲ ਵਿਦਿਆ ਦਾ ਅਧਾਰ ਕੰਮਪ੍ਰੀਹੈਨਸਿਵ ਹਾਈ ਸਕੂਲ ਹਨ ।

ਇਹ ਕੰਮਪ੍ਰੀਹੈਨਸਿਵ ਹਾਈ ਸਕੂਲ ਤੁਹਾਡੇ ਬਚੇ ਦੇ ਸਕੰਡਰੀ ਸਕੂਲ ਦੀ ਪੜਾਈ ਲਈ ਤੁਹਾਡੀ ਲੋਕਲ ਕੰਮਯੂਨਿੱਟੀ ਵਿਚਲੇ ਵਾਤਾਵਰਣ ਨੂੰ ਦਰਸਾਉਂਦੇ ਹਨ । ਇਨ੍ਹਾ ਸਕੂਲਾਂ ਵਿਚ ਸਾਰੇ ਵਿਦਿਆਰਥੀਆਂ ਦੀ ਕਾਬਲੀਅਤ ਨੂੰ ਮੁਖ ਰਖਦਿਆਂ ਚੰਗੇਰੀ ਵਿਦਿਆ ਮੁਹੱਈਆ ਕੀਤੀ ਜਾਂਦੀ ਹੈ, ਅਤੇ ਵਖ ਵਖ ਪ੍ਰੋਗਰਾਮਾਂ ਦੁਆਰਾ ਹੁਸ਼ਿਆਰ ਜਾਂ ਖਾਸ ਲੋੜਾਂ ਵਾਲੇ ਵਿਦਿਆਰਥਿਆਂ ਦਿਆਂ ਲੋੜਾਂ ਵਲ ਵੀ ਧਿਆਨ ਦਿਤਾ ਜਾਂਦਾ ਹੈ ।

ਕੰਮਪ੍ਰੀਹੈਨਸਿਵ ਹਾਈ ਸਕੂਲ ਰਲਵੇਂ (ਕੋ ਆਡੂਕੇਸ਼ਨਲ) ਜਾਂ ਲੜਕੇ ਲੜਕੀਆਂ ਦੇ ਅਲਗ ਹੋ ਸਕਦੇ ਹਨ ।

ਤਕਰੀਬਨ ਬਹੁਤੇ ਸਕੰਡਰੀ ਸਕੂਲਾਂ ਦਾ ਲੋਕਲ ਐਨਰੋਲਮੈਂਟ ਏਰੀਆ ਹੁੰਦਾ ਹੈ । ਉਸ ਇਲਾਕੇ ਵਿਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾ ਦੇ ਲੋਕਲ ਹਾਈ ਸਕੂਲ ਵਿਚ ਦਾਖਲਾ ਲੈਣ ਦਾ ਹੱਕ ਹੁੰਦਾ ਹੈ ।

## ਇਕੱਲੇ ਲੜਕੇ ਜਾਂ ਲੜਕੀਆਂ ਦੇ ਸਕੂਲ

### SINGLE-SEX HIGH SCHOOLS

ਤਕਰੀਬਨ ਸਾਰੇ ਲੜਕਿਆਂ ਜਾਂ ਲੜਕੀਆਂ ਦੇ ਹਾਈ ਸਕੂਲਾਂ ਦਾ ਇਕ ਮਿਥਿਆ ਐਨਰੋਲਮੈਂਟ ਏਰੀਆ ਹੁੰਦਾ ਹੈ । ਉਸ ਇਲਾਕੇ ਵਿਚ ਰਹਿਣ ਵਾਲੇ ਵਿਦਿਆਰਥੀ ਇਨ੍ਹਾ ਸਿੰਗਲ ਸੈਕਸ ਸਕੂਲਾਂ ਵਿਚ ਦਾਖਲਾ ਲੈ ਸਕਣਗੇ, ਖਾਸ ਕਰਕੇ ਜੇ ਉਹ ਸਾਲ ਦੇ ਸ਼ੁਰੂ ਵਿਚ ਦਾਖਲਾ ਲੈਣ ਦੀ ਕੋਸ਼ਿਸ਼ ਕਰਨ । ਇਸ ਏਰੀਆ ਦੇ ਬਾਹਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨ੍ਹਾ ਸਕੂਲਾਂ ਵਿਚ ਦਾਖਲਾ ਤਾਂ ਹੀ ਮਿਲ ਸਕਦਾ ਹੈ, ਜੇ ਜਗ੍ਹਾ ਹੋਵੇ ਅਤੇ ਜੇ ਵਿਦਿਆਰਥੀਆਂ ਵਲੋਂ ਲਏ ਜਾਣ ਵਾਲੇ ਮਜਮੂਨ ਉਥੇ ਪੜ੍ਹਾਏ ਜਾਂਦੇ ਹੋਣ ।

## ਸ਼ਪੈਸ਼ਲਿਸਟ ਹਾਈ ਸਕੂਲ

**SPECIALIST HIGH SCHOOLS**

ਕਈ ਹਾਈ ਸਕੂਲਾਂ ਵਿਚ ਕਈ ਵਿਸ਼ਿਆਂ ਤੇ ਖਾਸ ਧਿਆਨ ਦਿਤਾ ਜਾਂਦਾ ਹੈ, ਜਿਵੇਂ ਪਾਠ-ਕ੍ਰਮ ਜਾਂ ਵਿਦਿਆਰਥੀਆਂ ਦੇ ਦਾਖਲਿਆਂ ਵਲ ।

ਕਈ ਹਾਈ ਸਕੂਲਾਂ ਜਿਵੇਂ ਤਕਨੌਲਜੀ, ਭਾਸ਼ਾ, ਖੇਡਾਂ ਜਾਂ ਪਰਫੌਰਮਿੰਗ ਆਰਟਸ ਦੇ ਸਕੂਲਾਂ ਵਿਚ ਦਾਖਲੇ ਲਈ ਵਿਦਿਆਰਥੀਆਂ ਕੋਲ ਕੁਝ ਖਾਸ ਵਿਸ਼ੇਸ਼ਤਾਂਵਾਂ ਹੋਣਿਆ ਚਾਹੀਦੀਆਂ ਹਨ ।

## ਅਕਾਦਮਿਕ ਸਲੈਕਟਿਵ ਹਾਈ ਸਕੂਲ ਵਿਚ ਦਾਖਲਾ

**ACADEMICALLY SELECTIVE HIGH SCHOOL ENROLMENT**

Year 7 ਵਿਚ ਮਾਪੇ ਆਪਣੇ ਬਚੇ ਨੂੰ ਕਿਸੇ ਸਲੈਕਟਿਵ ਹਾਈ ਸਕੂਲ ਜਾਂ ਸਲੈਕਟਿਵ ਐਗਰੀਕਲਚਰਲ ਹਾਈ ਸਕੂਲ ਵਿਚ ਦਾਖਲ ਕਰਨ ਲਈ ਅਰਜੀ ਪਾ ਸਕਦੇ ਹਨ । ਇਨ੍ਹਾ ਸਕੂਲਾਂ ਵਿਚ ਦਾਖਲੇ ਲਈ ਵਿਦਿਆਰਥੀਆਂ ਨੂੰ ਸਲੈਕਟਿਵ ਹਾਈ ਸਕੂਲ ਦੀ ਪ੍ਰੀਖਿਆ ਲਈ ਬੈਠਣ ਦੀ ਲੋੜ ਹੈ, ਜਿਹੜੀ ਹਰ ਸਾਲ ਜੂਨ ਮਹੀਨੇ ਵਿਚ ਹੁੰਦੀ ਹੈ ।

## ਖਾਸ ਲੋੜਾਂ ਵਾਲੇ ਵਿਦਿਆਰਥੀਆਂ ਦਾ ਹਾਈ ਸਕੂਲ ਜਾਣਾ

**TRANSITION TO HIGH SCHOOL FOR STUDENTS WITH SPECIAL NEEDS**

ਕਿਸੇ ਕਿਸਮ ਦੀ ਅਯੋਗਤਾ ਵਾਲੇ ਜਾਂ ਖਾਸ ਲੋੜਾਂ ਵਾਲੇ ਵਿਦਿਆਰਥੀਆਂ ਦੇ ਪ੍ਰਾਈਮਰੀ ਸਕੂਲ ਤੋਂ ਸਕੰਡਰੀ ਸਕੂਲ ਵਲ ਵਧਣ ਲਈ ਖਾਸ ਪਲਾਨਿੰਗ, ਜਾਣਕਾਰੀ ਸਕੂਲਾਂ ਅਤੇ ਪ੍ਰਵਾਰਾਂ ਵਿਚਕਾਰ ਸੋਚਣ ਸਮਝਣ ਦੀ ਲੋੜ ਹੈ ।

ਹਾਈ ਸਕੂਲ ਲਈ ਚੋਣਾਂ ਇਹੋ ਜਿਹੀਆਂ ਹੋ ਸਕਦੀਆਂ ਹਨ:

- ਆਮ ਰੈਗੂਲਰ ਸਕੂਲਾਂ ਵਿਚ ਰੈਗੂਲਰ ਕਲਾਸਾਂ
- ਰੈਗੂਲਰ ਸਕੂਲਾਂ ਵਿਚ ਸਹਾਇਤਾ ਵਾਲੀਆਂ ਕਲਾਸਾਂ
- ਖਾਸ ਸਕੂਲ

ਰੈਗੂਲਰ ਅਤੇ ਖਾਸ ਸਕੂਲਾਂ ਵਿਚ ਸਹਾਇਤਾ ਵਾਲੀਆਂ ਕਲਾਸਾਂ ਵਿਚ ਦਾਖਲੇ ਲਈ ਕਈ ਖਾਸ ਸ਼ਰਤਾਂ ਹੁੰਦੀਆਂ ਹਨ ।

ਸਹਾਇਤਾ, ਸਕੂਲ ਜਾਂ ਡਿੱਸਟ੍ਰਿਕਟ ਆਫਿਸ ਦੇ ਸਪੈਸ਼ਲ ਐਡੂਕੇਸ਼ਨ ਕਨਸਲਟੈਂਟ ਕੋਲੋਂ ਮੰਗੀ ਜਾ ਸਕਦੀ ਹੈ ।

## ਹਾਈ ਸਕੂਲ ਦੇ ਵਿਦਿਆਰਥੀਆਂ ਲਈ ਸਹਾਇਤਾ

**SUPPORT FOR STUDENTS AT HIGH SCHOOL**

ਹਰੇਕ ਹਾਈ ਸਕੂਲ ਵਿਚ ਵਿਦਿਆਰਥੀਆਂ ਦੀ ਬਿਹਤਰੀ ਨੂੰ ਤਰਜੀਹ ਦਿਤੀ ਜਾਂਦੀ ਹੈ । ਹਰੇਕ ਸਕੂਲ ਵਿਚ ਇਕ ਸਪੋਰਟ ਸਿਸਟਮ ਕਾਇਮ ਕੀਤਾ ਜਾਂਦਾ ਹੈ, ਜਿਸ ਦੁਆਰਾ ਵਖ ਵਖ ਅਧਿਆਪਕ ਵਿਦਿਆਰਥੀਆਂ ਦੇ ਸਲਾਹਕਾਰ ਜਾਂ ਸਾਲ ਦੇ ਪੇਟਰਨ ਵਜੋਂ ਡਿਊਟੀ ਸੰਭਾਲਦੇ ਹਨ । ਇਨ੍ਹਾ ਅਧਿਆਪਕਾਂ ਦੀਆਂ ਆਪੋ ਆਪਣੀਆਂ ਡਿਊਟੀਆਂ ਨਿਭਾਉਣ ਲਈ, ਸਪੈਸ਼ਲਿਸਟ ਅਧਿਆਪਕ, ਸਕੂਲ ਸਲਾਹਕਾਰ ਅਤੇ ਬੋਰਡ ਦੇ ਮੈਂਬਰ ਜਿਵੇਂ ਨਾਇਬ ਪ੍ਰਿੰਸੀਪਲ, ਜਾਂ ਸਟੂਡੈਂਟ ਵੈਲਫੇਅਰ ਕੋ-ਔਡਿਨੇਟਰ ਸਹਾਇਤਾ ਕਰਦੇ ਹਨ ।

ਇਹ ਜ਼ਰੂਰੀ ਹੈ ਕਿ ਹਰੇਕ ਵਿਦਿਆਰਥੀ ਆਪਣੇ ਆਪ ਨੂੰ ਸਕੂਲ ਵਿਚ ਸੁਰੱਖਿਅਤ ਸਮਝੇ ਅਤੇ ਸਕੂਲ ਵਿਚ ਪੜਦਿਆਂ ਜ਼ਿਆਦਾ ਤੋਂ ਜ਼ਿਆਦਾ ਹਾਸਲ ਕਰ ਸਕੇ । ਬਿਹਤਰੀਨ ਵਿਦਿਆ ਲਈ ਮਾਪਿਆਂ, ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਮਜਬੂਤ ਭਾਈਵਾਲਤਾ ਦੀ ਸਖਤ ਲੋੜ ਹੈ ।

## ਹੋਰ ਲੋੜੀਂਦੀ ਜਾਣਕਾਰੀ

**OTHER USEFUL INFORMATION**

## ਆਵਾਜਾਈ ਲਈ ਪਾਸ

**Travel passes**

ਰੇਲ, ਬੱਸ ਜਾਂ ਫੈਰੀ ਲਈ ਅਰਜੀਆਂ ਤੁਹਾਡੇ ਬਚੇ ਦੇ ਹਾਈ ਸਕੂਲ ਤੋਂ ਚੋਥੀ ਟਰਮ ਵਿਚ ਮਿਲ ਸਕਦੀਆਂ ਹਨ । ਇਹ ਫਾਰਮ ਆਮ ਤੌਰ ਤੇ ਸਕੂਲ ਸ਼ੁਰੂ ਹੋਣ (ਔਰੀਐਨਟੇਸ਼ਨ) ਸਮੇਂ ਮਿਲ ਸਕਦੇ ਹਨ ਅਤੇ ਇਹ ਸਕੂਲ ਦੀ ਆਖਰੀ ਟਰਮ ਸਮੇਂ ਵਾਪਸ ਕੀਤੇ ਜਾਣੇ ਚਾਹੀਦੇ ਹਨ, ਤਾਂ ਜੋ ਅਗਲੇ ਸਾਲ ਸਕੂਲ ਦੀ ਸ਼ੁਰੂਆਤ ਵੇਲੇ ਸਕੂਲ ਪਾਸ ਮਿਲ ਜਾਣ । ਇਹ ਸਕੂਲ ਸਟੂਡੈਂਟ ਟਰਾਂਸਪੋਰਟ ਸਕੀਮ ਟਰਾਂਸਪੋਰਟ ਡੀਪਾਰਟਮੈਂਟ ਵਲੋਂ ਚਲਾਈ ਜਾਂਦੀ ਹੈ । ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੋਵੇ, ਤਾਂ ਤੁਸੀਂ ਟਰਾਂਸਪੋਟ ਡੀਪਾਰਟਮੈਂਟ ਨਾਲ ਸੰਪਰਕ ਕਰੋ ।

ਜੇ ਤੁਹਾਨੂੰ ਇਹ ਜਾਣਕਾਰੀ ਸਮਝਣ ਵਿਚ ਕੋਈ ਮੁਸ਼ਕਲ ਹੋਵੇ, ਜਾਂ ਕਿਸੇ ਹੋਰ ਜਾਣਕਾਰੀ ਲਈ ਟੈਲੀਫੋਨ ਇੰਟਰਪ੍ਰੇਟਰ ਸਰਵਿੱਸ ਨੂੰ **੧੩੧ ੪੫੦** ਤੇ ਫੋਨ ਕਰੋ ਅਤੇ ਉਨ੍ਹਾ ਨੂੰ ਆਪਣੇ ਬਚੇ ਦੇ **ਪ੍ਰਾਈਮਰੀ** ਸਕੂਲ ਪ੍ਰਿੰਸੀਪਲ ਨੂੰ ਫੋਨ ਕਰਨ ਲਈ ਕਹੋ ।

© 2003 NSW Department of Education and Training